# ਸ਼ੀਰਾਜ਼ਾ

ਜੇ. ਐਂਡ ਕੇ. ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

**Sheeraza** R.N. No. 28873/76 March-April 2017

(Punjabi)

| ਸਾਲ : 48 | ਅੰਕ : 3 | ਕੁਲ ਅੰਕ : 201 |
|---|---|---|

*Editor-in-chief*

**Dr. Aziz Hajini**

*Editor*

**Popinder Singh Paras**

J&K ACADEMY OF ART CULTURE & LANGUAGES

ਸਰਵਰਕ : ਪੋਪਿੰਦਰ ਸਿੰਘ ਪਾਰਸ 09906977731

ਪ੍ਰਕਾਸ਼ਕ : ਸੈਕਰੇਟਰੀ, ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ- 180 001

*Publisher* : **Secretary, J&K Academy of Art, Culture and Languages JAMMU- 180 001**

ਛਾਪਕ : ਕਲਾਸਿਕ ਪ੍ਰਿੰਟਰਜ਼, ਨੈਸਨਲ ਹਾਈਵੇ, ਬੜੀ ਬ੍ਰਾਹਮਣਾ, ਜੰਮੂ
ਦੂਰਭਾਸ਼ — (01923)-220243, 94191-49293

ਮੁੱਲ : ਦਸ ਰੁਪਏ

ਵਾਰਸ਼ਕ : 50 ਰੁਪਏ

# ਤਤਕਰਾ


❑ ਲੇਖ

- ਵਿਗਿਆਨ ਲੇਖਣ ਅਤੇ ਬਾਲ ਸਾਹਿਤ/*ਡਾ. ਕੁਲਦੀਪ ਸਿੰਘ ਧੀਰ*/1
- ਮੇਰੀ ਸਿਰਜਣ ਪ੍ਰਕ੍ਰਿਆ/*ਚੰਦਨ ਨੇਗੀ*/6
- ਹੱਜ ਹਜਰਤ ਬਾਬਾ ਨਾਨਕ ਦੀ ਪਾਕ ਧਰਤੀ ਦਾ/*ਡਾ. ਮੋਨੋਜੀਤ*/13
- ਅਜੀਤ ਸਿੰਘ ਮਸਤਾਨਾ ਦੀ ਕਵਿਤਾ ਦੇ ਸਰੋਕਾਰ/*ਡਾ. ਸੁਖਵਿੰਦਰ ਸਿੰਘ*/27
- ਜੰਮੂ ਖਿੱਤਾ : ਲੋਕਗੀਤ /*ਡਾ. ਅਨੁਰਾਧਾ ਸ਼ਰਮਾ*/37
- ਜਨ ਦਾ ਮੀਤ ਉਰਫ਼ ਲਾਰੇ ਮੰਡੀ : ਇਕ ਰਾਜਸੀ-ਸਿਆਸੀ ਪ੍ਰਵਚਨ/*ਡਾ. ਨਰੇਸ਼ ਕੁਮਾਰ*/42
- ਗੁਰਭਜਨ ਗਿੱਲ ਦੀ ਸ਼ਾਇਰੀ ਅਤੇ ਸਮਕਾਲੀਨ ਪ੍ਰਸਿਥਿਤੀਆਂ (ਪੁਸਤਕ 'ਗੁਲਨਾਰ' ਦੇ ਆਧਾਰ 'ਤੇ)/*ਡਾ. ਮਨਦੀਪ ਕੌਰ ਢੀਂਡਸਾ*/48
- ਆਧੁਨਿਕ ਸਮੇਂ ਵਿਚ ਅਲੋਪ ਹੋ ਰਹੀ ਫ਼ੁਲਕਾਰੀ /*ਹਰਕਮਲ ਕੌਰ*/54

❑ ਕਹਾਣੀਆਂ

- ਹੁਕਮ ਅਦੂਲੀ /*ਗਿ: ਪ੍ਰੀਤਮ ਸਿੰਘ*/60
- ਮਤਵਾਜ਼ੀ ਰਾਹ /*ਰਤਨ ਸਿੰਘ ਕੰਵਲ*/65
- ਪਿਛੋਕੜ /*ਬਲਜੀਤ ਸਿੰਘ ਰੈਨਾ*/71
- ਅਧੂਰੀ ਜ਼ਿੰਦਗੀ /*ਡਾ. ਸੰਦੀਪ ਕੌਰ ਸੇਖੋਂ*/84

❑ ਮਿੰਨੀ ਕਹਾਣੀ

- ਸਿਆਸਤ/*ਬਾਜ ਸਿੰਘ ਮਹਿਲੀਆ*/89

❑ ਕਵਿਤਾ/ਗ਼ਜ਼ਲ/ਗੀਤ

- ਗ਼ਜ਼ਲ / *ਪ੍ਰੋ. ਸੁਰਿੰਦਰ ਸੀਰਤ*/90
- ਇਹ ਧਰਤੀ ਹਿੰਦੋਸਤਾਨ ਦੀ ਏ/*ਸਰਦਾਰ ਪੰਛੀ* /91
- ਗ਼ਜ਼ਲ/*ਅਮਰ ਸਿੰਘ ਕੂਕਾ*/92
- ਗ਼ਜ਼ਲ/*ਡਾ. ਲੇਖਰਾਜ*/93
- ਉਦਾਸ ਗੀਤ/*ਕੰਵਰਜੀਤ ਭੱਠਲ*/94
- ਗ਼ਜ਼ਲ/*ਪ੍ਰਤਾਪ ਪਾਰਸ ਗੁਰਦਾਸਪੁਰੀ*/95
- ਵਿਛੋੜੇ ਦਾ ਗੀਤ/*ਹਜ਼ੂਰਾ ਸਿੰਘ ਹਜ਼ੂਰ*/96

Regd. No. 28873/76
ISSN 2319-5053

March - April 2017

Published by the Secretary on behalf of
**J&K Academy of Art, Culture and Languages, Jammu**
and Printed at Classic Printers, Bari Brahamana, Jammu

# ਜਨ ਦਾ ਮੀਤ ਉਰਫ਼ ਲਾਰੇ ਮੰਡੀ : ਇਕ ਰਾਜਸੀ-ਸਿਆਸੀ ਪ੍ਰਵਚਨ

❑ ਡਾ. ਨਰੇਸ਼ ਕੁਮਾਰ

ਸਵਰਾਜਬੀਰ ਇਕ ਪ੍ਰਸਿੱਧ ਪੰਜਾਬੀ ਨਾਟਕਕਾਰ ਹੈ। ਉਸਦੇ ਨਾਟਕੀ ਪ੍ਰਵਚਨ ਵਧੇਰੇ ਕਰਕੇ ਭਾਰਤੀ ਮਿੱਥਾਂ ਨੂੰ ਸਮਕਾਲੀ ਸਮਾਜਿਕ ਪ੍ਰਬੰਧ ਦੇ ਰਾਜਸੀ-ਸਿਆਸੀ ਪਰਿਪੇਖ ਦੇ ਦ੍ਰਿਸ਼ਟੀ ਤੋਂ ਪ੍ਰਸਤੁਤ ਕਰਦੇ ਹਨ। ਉਸ ਦੀ ਭਾਸ਼ਾ ਵਿਅੰਗ/ਕਟਾਖਸ਼ ਦੀਆਂ ਜੁਗਤਾਂ ਦੀ ਵਰਤੋਂ ਕਰਦੀ ਹੋਈ ਵੀ ਵਸਤੂ-ਯਥਾਰਥ ਦੇ ਨੇੜੇ-ਤੇੜੇ ਹੀ ਰਹਿੰਦੀ ਹੈ। ਲੋਕ ਨਾਟ ਦੀਆਂ ਜੁਗਤਾਂ, ਸਮਕਾਲੀ ਗਲੋਬਲੀ ਸਮਾਜਿਕ ਯਥਾਰਥ ਅਤੇ ਅਤਿ ਵਿਕਸਿਤ ਹੁਣ ਦੀਆਂ ਰੰਗਮੰਚੀ ਜੁਗਤਾਂ, ਸਹੂਲਤਾਂ ਦੀ ਦ੍ਰਿਸ਼ਟੀ ਤੋਂ ਵੇਖਿਆਂ ਹੀ ਸਵਰਾਜਬੀਰ ਦੇ ਨਾਟਕਾਂ ਨੂੰ ਸਮਝਿਆ ਜਾ ਸਕਦਾ ਹੈ। ਕਿਸੇ ਨਾਟਕਕਾਰ ਦੀ ਵਸਤੂ-ਸਾਮਗ੍ਰੀ ਦਾ ਆਧਾਰ, ਵਸਤੂ-ਸਾਮਗ੍ਰੀ ਦੀ ਪੇਸ਼ਕਾਰੀ ਅਤੇ ਫਿਰ ਲਿਖਿਤ ਪਾਠ ਦੀਆਂ ਵੱਖ-ਵੱਖ ਇਕ ਹੀ ਨਿਰਦੇਸ਼ਕ ਦੁਆਰਾ ਪੇਸ਼ਕਾਰੀਆਂ ਅਤੇ ਇਕ ਨਾਟਕੀ ਪਾਠ ਦੀਆਂ ਵੱਖ-ਵੱਖ ਨਿਰਦੇਸ਼ਕਾਂ ਵੱਲੋਂ ਰੰਗਮੰਚੀ ਪੇਸ਼ਕਾਰੀਆਂ ਇਸ ਤਰ੍ਹਾਂ ਇਕ ਹੀ ਨਾਟਕੀ ਪਾਠ ਦੇ ਕਈ ਅਧਿਐਨ-ਯੋਗ ਪਾਠ ਬਣ ਜਾਂਦੇ ਹਨ। ਇਸ ਦੇ ਨਾਲ ਹੀ ਰਾਜਨੀਤਕ ਚੇਤਨਾ ਅਤੇ ਲੋਕ-ਰਾਜਨੀਤਕ ਚੇਤਨਾਂ ਦੇ ਸਫ਼ਰ ਅਤੇ ਅੰਤਰ-ਸੰਬੰਧਿਤਾਂ ਦੀ ਸਮਝ ਰੱਖਣ ਵਾਲਾ ਚਿੰਤਕ ਹੀ ਕਿਸੇ ਸਾਹਿਤਕ ਪਾਠ ਦੇ ਨੇਮਾ, ਜੁਗਤਾਂ ਅਤੇ ਸੰਦਾ ਦੀ ਪਛਾਣ ਕਰਦਾ ਹੋਇਆ ਉਸ ਪਾਠ ਦੇ ਵਿਕੇਂਦਰਿਤ ਪਾਠ ਤਿਆਰ ਕਰ ਸਕਦਾ ਹੈ।

ਹੱਥਲੇ ਖ਼ੋਜ-ਪੱਤਰ ਦਾ ਮਨੋਰਥ ਸਵਰਾਜਬੀਰ ਦੇ ਨਾਟਕ **"ਜਨ ਦਾ ਮੀਤ ਉਰਫ਼ ਲਾਰੇ"** ਨੂੰ ਰਾਜਸੀ ਸਿਆਸੀ ਪ੍ਰਵਚ ਵਜੋਂ ਵੇਖਣਾ ਹੈ। ਇਸ ਨਾਟਕ ਦੀ ਸਕ੍ਰਿਪਟ ਕੁਲ 106 ਪੰਨਿਆਂ ਦੀ ਹੈ ਅਤੇ ਇਹ ਤਿੰਨ ਅੰਕਾਂ ਵਿਚ ਵੰਡੀ ਹੋਈ ਹੈ, ਅੱਗੋਂ ਪ੍ਰਸਤਾਵਨਾ ਤੋਂ ਬਾਅਦ ਪਹਿਲੇ ਅੰਕ ਵਿਚ ਤਿੰਨ ਦ੍ਰਿਸ਼ ਹਨ। ਦੂਸਰੇ ਅਤੇ ਤੀਸਰੇ ਅੰਕ ਵਿਚ ਚਾਰ-ਚਾਰ ਦ੍ਰਿਸ਼ ਹਨ। ਇਸ ਸਕ੍ਰਿਪਟ ਦੇ ਪਹਿਲੇ ਸਫ਼ੇ ਉਪਰ **ਲਾਰੇ ਉਰਫ਼ ਜਨਮੀਤ** : ਜਨ ਦਾ ਮੀਤ ਸਿਰਲੇਖ ਦਿੱਤੇ ਹੋਏ ਹਨ। ਇਨ੍ਹਾਂ ਤਿੰਨਾਂ ਸਿਰਲੇਖਾਂ ਤੋਂ ਲੱਗਦਾ ਹੈ ਕਿ ਸਿਰਲੇਖ ਸਬੰਧੀ ਸਵਰਾਜਬੀਰ ਦੁਬਿਦਾ ਦਾ ਸ਼ਿਕਾਰ ਹੈ ਅਤੇ ਕਿਸੇ ਇਕ ਸਿਰਲੇਖ ਨੂੰ ਅਪਣਾ ਨਹੀਂ ਸਕਿਆ। ਇਸ ਨਾਟਕ ਨੂੰ **ਮੰਡੀ** ਸਿਰਲੇਖ ਹੇਠ 2006 ਵਿਚ ਹੋਏ ਗਦਰੀ ਬਾਬਿਆਂ ਦੇ ਮੇਲੇ ਵਿਚ ਦੇਸ਼ ਭਗਤ ਹਾਲ, ਜਲੰਧਰ ਵਿਖੇ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ। ਇਹ ਚੌਥਾ ਸਿਰਲੇਖ **ਮੰਡੀ** ਮੈਨੂੰ ਇਸ ਨਾਟਕ ਦੀ ਵਸਤੂ-ਸਾਮਗ੍ਰੀ ਦੇ ਵਧੇਰੇ ਨਜ਼ਦੀਕ ਦਿਖਾਈ ਦਿੰਦਾ ਹੈ। ਸਮਕਾਲੀ

* *ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ, ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ, ਕੰਸਟੀਚੂਐਂਟ, ਕਾਲਜ, ਬਲਾਚੌਰ, ਮੋ : 9878889269, Email : nareshaman2002@yahoo.co.in*

ਭਾਰਤੀ/ਪੰਜਾਬੀ ਸਮਾਜ ਪੂੰਜੀਵਾਦ ਦੀ ਜਕੜ ਵਿਚ ਹੈ ਜਾਂ ਕਹਿ ਲਵੋ ਕਿ ਵਿਸ਼ਵ ਹੀ ਪੂੰਜੀਵਾਦੀ ਨੀਤੀਆਂ ਤਹਿਤ ਵਿਚਰ ਰਿਹਾ ਹੈ। ਏਥੇ ਪੂੰਜੀਵਾਦ ਦੀਆਂ ਪ੍ਰਮੁੱਖ ਨੀਤੀਆਂ ਨੂੰ ਸਮਝਣਾ ਜ਼ਰੂਰੀ ਹੈ। ਪੂੰਜੀਵਾਦ ਦੇ ਅਰਥ ਨਿਰਧਾਰਿਤ ਕਰਦੀਆਂ ਕੁਝ ਟਿੱਪਣੀਆਂ :

> ਪਾਬੋਲ ਰਿਚਰਡ ਦਾ ਇਹ ਕਥਨ ਯਾਦ ਰੱਖਣਾ ਚਾਹੀਦਾ ਹੈ, 'ਪੂੰਜੀਵਾਦ ਬਹੁਤ ਸਾਰੇ ਲੋਕਾਂ ਦੀ ਮੌਤ ਦੀ ਕੀਮਤ 'ਤੇ ਥੋੜੇ ਜਿਹੇ ਲੋਕਾਂ ਦੀ ਜਾਨ ਬਚਾਉਂਦਾ ਹੈ। ਇਸ ਲਈ ਇਹ ਜੀਵਨ ਦੇ ਬਦਲੇ ਮੌਤ ਨੂੰ ਚੁਣਦਾ ਹੈ[1]

> ਮਨੁੱਖੀ ਸਬੰਧਾਂ ਤੇ ਮੂਲਾਂ ਨੂੰ ਵੀ ਮੰਡੀ ਅਨੁਸਾਰ ਮਾਪਿਆ ਜਾਂਦਾ ਹੈ। ਸਭਿਆਚਾਰ ਵੀ ਬਜ਼ਾਰ, ਮੁਕਾਬਲਾ, ਵਿਗਿਆਨ ਆਦਿ ਦੀ ਵਪਾਰਕ ਸ਼ਬਦਾਵਲੀ ਵਿਚ ਢੱਲ ਕੇ ਇਕ ਖਰੀਦਣ-ਵੇਚਨ ਵਾਲੀ ਵਸਤੂ ਬਣ ਗਿਆ ਹੈ, ਜਿਸ ਵਿਚ ਨਿਵੇਸ਼ ਕਰਕੇ ਲਾਭ ਪ੍ਰਾਪਤ ਕਰਨ ਦੇ ਯਤਨ ਜ਼ਾਰੀ ਹਨ, ਪਰ ਸਿੱਖਿਆ ਦੇ ਨੈਤਿਕ ਪੱਖ ਨੂੰ ਭੁਲਾ ਦਿੱਤਾ ਗਿਆ ਕਿਉਂਕਿ ਨੈਤਿਕਤਾ ਦਾ ਕੋਈ ਅਰਥ-ਸ਼ਾਸਤਰ ਨਹੀਂ ਬਣਦਾ। ਨੈਤਿਕ ਮੁੱਲਾਂ ਨੂੰ ਮੰਡੀ ਵਿਚ ਵੇਚਿਆ ਤੇ ਖਰੀਦਿਆ ਨਹੀਂ ਜਾ ਸਕਦਾ।[2]

ਇਨ੍ਹਾਂ ਪਰਿਭਾਸ਼ਾਵਾਂ ਤੋਂ ਸਿੱਧ ਹੁੰਦਾ ਹੈ ਕਿ ਪੂੰਜੀਵਾਦ ਮੰਡੀ, ਮਾਲ ਅਤੇ ਮੁਨਾਫ਼ੇ ਉੱਪਰ ਟਿੱਕਿਆ ਹੋਇਆ ਹੈ। ਇਸ ਵਿਚ ਨੈਤਿਕ ਕਦਰਾਂ/ਕੀਮਤਾਂ ਲਈ ਕੋਈ ਥਾਂ ਨਹੀਂ। ਪੂੰਜੀਵਾਦ ਬਹੁ-ਗਿਣਤੀ ਨੂੰ ਗਰੀਬੀ ਅਤੇ ਬੱਤਰ ਜ਼ਿੰਦਗੀ ਪ੍ਰਦਾਨ ਕਰਦਾ ਹੈ ਅਤੇ ਕੁਝ ਕੁ ਲੋਕਾਂ ਨੂੰ ਅਥਾਹ ਵਸੀਲਿਆਂ ਅਤੇ ਪੂੰਜੀ ਦਾ ਮਾਲਕ ਬਣਾ ਦਿੰਦਾ ਹੈ। ਸਮਕਾਲੀ ਯੁੱਗ ਵਿਚ ਇਹ ਕੁਝ ਕੁ ਲੋਕ ਸੰਸਾਰ ਦੇ ਕੁਝ ਕੁ ਘਰਾਨੇ ਹਨ ਜੋ ਰਾਜਨੀਤਕ ਨੇਤਾਵਾਂ ਨਾਲ ਮਿਲ ਸਾਰੇ ਸੰਸਾਰ ਨੂੰ ਨਿਰੰਤਰਿਤ ਕਰ ਰਹੇ ਹਨ। ਇਹ ਕਾਰਪੋਰੇਟ ਘਰਾਨੇ, ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਨੂੰ ਆਪਣੇ ਮਨੋਰਥ ਦੀ ਸਿੱਧੀ ਲਈ ਵਰਤਦੇ ਹਨ ਜਾਂ ਇਨ੍ਹਾਂ ਸੰਸਥਾਵਾਂ ਦੇ ਨੇਤਾ ਕਾਰਪੋਰੇਟ ਘਰਾਨਿਆਂ ਦੇ ਏਜੰਟਾਂ ਦਾ ਕੰਮ ਕਰਦੇ ਹਨ।

ਸਵਰਾਜਬੀਰ ਦਾ ਨਾਟਕ ਮੰਡੀ ਦਾ ਮੁੱਖ ਪਾਤਰ ਜਨਮੀਤ ਹੈ। ਜਨਮੀਤ ਤੋਂ ਭਾਵ ਜਨ ਦਾ ਮੀਤ ਲੋਕਾਂ ਦਾ ਮਿੱਤਰ। ਪਰ ਇਸ ਮਨੁੱਖ ਵਿਚ ਇਸ ਦੇ ਨਾਮ ਵਰਗਾ ਕੁਝ ਵੀ ਨਹੀਂ ਹੈ। ਉਸ ਦੇ ਨਾਮ ਦੇ ਅਰਥਾਂ ਅਤੇ ਉਸਦੀ ਫ਼ਿਤਰਤ ਵਿਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਉਹ ਪੰਜਾਬ ਸਰਕਾਰ ਵਿਚ ਛੋਟਾ ਮੰਤਰੀ ਹੈ ਪਰ ਅਚਾਨਕ ਮੁੱਖ-ਮੰਤਰੀ ਵੱਲੋਂ ਚੋਣਾਂ ਦੇ ਐਲਾਨ ਕਰਨ ਤੋਂ ਦੁੱਖੀ ਹੁੰਦਾ ਹੈ ਫਿਰ ਉਸ ਨੂੰ ਮੁੱਖ ਮੰਤਰੀ ਦੇ ਬੇਟੇ (ਕਾਕਾ ਜੀ) ਵੱਲੋਂ ਟਿਕਟ ਨਹੀਂ ਦਿੱਤੀ ਜਾਂਦੀ। ਜਿਸ ਤਰ੍ਹਾਂ ਉਹ ਆਪ ਸਾਧਾਰਨ ਜਨਤਾ ਨਾਲ ਫਰੇਬ ਕਰਦਾ ਹੈ ਉਸੇ ਤਰ੍ਹਾਂ ਦੀ ਉਸ ਨਾਲ ਫਰੇਬ ਹੋ ਜਾਂਦਾ ਹੈ। ਉਹ ਆਪਣੇ ਤੋਂ ਛੋਟੇ ਲੀਡਰਾਂ ਮਹਿੰਦਰ ਸਿੰਘ ਸਰਪੰਚ ਵਰਗਿਆਂ ਨੂੰ ਲਾਰੇ ਲਾਉਂਦਾ ਹੈ ਪਰ ਉਨ੍ਹਾਂ ਦਾ ਕੰਮ ਨਹੀਂ ਕਰਦਾ ਏਸੇ ਤਰ੍ਹਾਂ ਹੀ ਮੁੱਖ ਮੰਤਰੀ ਵੀ ਟਿਕਟ ਲਈ ਉਸ ਤੋਂ ਕਰੋੜਾਂ ਰੁਪਏ ਮੰਗਦਾ ਹੈ ਪਰ ਉਹ ਦੇ ਨਹੀਂ ਸਕਦਾ। ਉਸ ਤੋਂ ਜ਼ਿਆਦਾ ਪੈਸੇ ਦੇ ਟਿਕਟ ਕੋਈ ਹੋਰ ਖ਼ਰੀਦ ਲੈ ਜਾਂਦਾ ਹੈ। ਭਾਵ ਕਿ ਪੂੰਜੀਵਾਦੀ ਯੁੱਗ ਵਿਚ ਰਾਜਨੀਤੀ ਵੀ ਬਜ਼ਾਰ ਦਾ ਮਾਲ ਹੀ ਹੁੰਦੀ ਹੈ ਜੋ ਖ਼ਰੀਦੀ ਅਤੇ ਵੇਚੀ ਜਾਂਦੀ ਹੈ ਸਾਧਾਰਨ ਮਨੁੱਖ ਨੂੰ ਕੁਝ ਵੀ ਨਹੀਂ ਮਿਲਦਾ। ਜਿਵੇਂ ਨਾਟਕ ਦੇ ਸ਼ੁਰੂ ਵਿਚ ਹੀ ਗੁਰੂ ਕਹਿੰਦਾ ਹੈ :

ਗੁਰੂ : ਚੁੱਪ ਓਏ! ਏਹੀ ਲੋਕ ਨੇ ... ਲੋਕ ਰਾਜ ਦੇ ਮਾਰੇ! ਬਣੇ ਪਏ ਵਿਚਾਰੇ! ਮੂੰਹਾਂ 'ਤੇ ਹਾਸਾ ਨਈ! ਗੱਲਾਂ ਵਿਚ ਖੰਡ ਪਤਾਸਾ ਨਈ। ਤੂੰ ਕੋਈ ਚੱਜ ਦੀ ਗੱਲ ਕਰ। ਬਾਤਾਂ ਵਾਲੀ ਚਟਨੀ ਚੁਲ੍ਹੇ ਤੇ ਧਰ। ਵਿਚ ਅੰਬ ਚੂਰ ਪਾ।[4]

ਪੂੰਜੀਵਾਦੀ ਦੇ ਜੰਗਲਰਾਜ ਵਿਚ ਵੱਡਾ ਛੋਟੇ ਨੂੰ ਖਾਂਦਾ ਹੈ ਏਸੇ ਤਰ੍ਹਾਂ ਦੀਆਂ ਘਟਨਾਵਾਂ ਅਸੀਂ ਆਪਣੇ ਸਮਾਜ ਵਿਚ ਵੀ ਘੱਟਦੀਆਂ ਦੇਖਦੇ ਹਾਂ। ਸਵਰਾਜਬੀਰ ਨੇ ਪੰਜਾਬ ਦੀ ਰਾਜਨੀਤੀ ਅਤੇ ਰਾਜਨੀਤਕ ਲੀਡਰਾਂ ਨੂੰ ਯਥਾਰਥਕ ਰੂਪ ਵਿਚ ਪੇਸ਼ ਕੀਤਾ ਹੈ। ਮੰਡੀ ਨਾਟਕ ਦੀ ਵਸਤੂ-ਸਾਮਗ੍ਰੀ ਵਿਚਲੀਆਂ ਘਟਨਾਵਾਂ ਅਤੇ ਪਾਤਰ ਹੂ-ਬ-ਹੂ ਪੇਸ਼ ਕੀਤੇ ਗਏ ਹਨ। ਜਿਹਨਾਂ ਦੀ ਪਛਾਣ ਸਹਿਜੇ ਹੀ ਹੋ ਜਾਂਦੀ ਹੈ। ਪੰਜਾਬ ਦੀ ਰਾਜਨੀਤੀ ਅਤੇ ਰਾਜਨੀਤਕ ਲੀਡਰਾਂ ਦੀ ਕਾਰਜ਼-ਸ਼ੈਲੀ ਵਿਅੰਗਾਤਮਕ ਢੰਗ ਨਾਲ ਇਸ ਨਾਟਕ ਦੇ ਘਟਨਾਕ੍ਰਮ ਵਿਚ ਪ੍ਰਦਰਸ਼ਿਤ ਹੋ ਜਾਂਦੀ ਹੈ। ਜਿਵੇਂ :

ਜਨਮੀਤ : ਵਾਹ ਪਈ ਵਾਹ! ਵੱਡੇ ਮੰਤਰੀ ਸਾਹਬ ਦੇ ਇਲਾਕੇ 'ਚ ਤੇ ਸੜਕ ਤੇ ਸੜਕ ਚੜ੍ਹਨ ਡਹੀ ਐ।

ਠੇਕਾ ਵੀ ਉਨ੍ਹਾਂ ਦੇ ਸਾਲੇ ਸਾਹਬ ਕੋਲ ਐ.... ਤੇ ਸਾਡੀ ਸੜਕ ਅਗਲ੍ਹੇ ਵਰ੍ਹੇ ![5]

ਮੁੱਖ ਮੰਤਰੀ : ਮੈਂ ਕਦੋਂ ਇਨਕਾਰੀ ਆਂ ਛੋਟੇ ਵੀਰ! ਪਰ ਪਾਰਟੀ ਫੰਡ ਵੀ ਤਾਂ ਚਾਹੀਦਾ ਆ ਨਾ... ਕਾਕਾ ਜੀ ਕਹਿ ਰਹੇ ਸੀ ਪਈ ਸਾਰੇ ਮੰਤਰੀ ਕੁਝ ਨ ਕੁਝ ਦੇ ਗਏ ਨੇ ਪਰ ਸਰਦਾਰ ਜਨਮੀਤ ਸਿੰਘ ਹੁਰੀਂ....

ਜਨਮੀਤ ਸਿੰਘ : ਪਰ ਸਰ, ਮੈਂ ਤੇ ਛੋਟਾ ਮੰਤਰੀ ਹਾਂ।

ਮੁੱਖ ਮੰਤਰੀ : ਕਾਦ੍ਹੇ ਛੋਟੇ ਜੇ ਤੁਸੀਂ.... ਚਲੋ ਜੇ ਛੋਟੇ ਵੀ ਜੇ ਤਾਂ ਵੀ ਪੰਜਾਹ ਸੱਠ ਲੱਖ ਤਾਂ ਚਾਹੀਦੈ ਏ ਨਾ।

ਇਸ ਖ਼ਰੀਦ-ਓ-ਫ਼ਰੋਕਤ ਦੀ ਦੁਨੀਆਂ ਵਿਚ ਸਭ ਕੁਝ ਵਿੱਕਦਾ ਹੈ। ਰਿਸ਼ਤਿਆਂ/ਨਾਤਿਆਂ ਦਾ ਵਿਹਾਰ ਵੀ ਬਜ਼ਾਰੀ ਬਣ ਜਾਂਦਾ ਹੈ। ਬਾਜ਼ਾਰ ਅਤੇ ਮੁਨਾਫ਼ੇ ਦੀ ਦ੍ਰਿਸ਼ਟੀ ਤੋਂ ਸ਼ੈਆਵਾਂ ਹੀ ਨਹੀਂ ਸਗੋਂ ਮਨੁੱਖਾਂ ਨੂੰ ਵੀ ਬਾਜ਼ਾਰੀ ਮਾਲ ਵਾਂਗ ਦੇਖਿਆ ਜਾਂਦਾ ਹੈ। ਜਨਮੀਤ ਦੀ ਪਤਨੀ ਹਰਜਿੰਦਰ ਕੌਰ ਆਪਣੇ ਪੁੱਤਰ ਸੁਖਜੀਤ ਦਾ ਉਦਾਸ ਰਹਿਣ ਦਾ ਦੁੱਖ ਭੁੱਲ ਜਾਂਦੀ ਹੈ ਜਦ ਉਸ ਨੂੰ ਜਨਮੀਤ ਕਹਿੰਦਾ ਹੈ ਕਿ ਉਸ ਨੇ ਚੋਣਾਂ ਜਿੱਤ ਵੱਡਾ ਮੰਤਰੀ ਬਣ ਜਾਣਾ ਹੈ ਤੇ ਪੈਸੇ ਲੈਣ ਦਾ ਕੰਮ ਉਸਨੇ ਹੀ ਕਰਨਾ ਹੈ ਤਾਂ ਉਹ ਓਸੇ ਤਰ੍ਹਾਂ ਦੇ ਸੁਪਨੇ ਦੇਖਣ ਲੱਗ ਪੈਂਦੀ ਹੈ। ਇਸ ਦੇ ਨਾਲ ਹੀ ਸੁਖਜੀਤ ਇਕ ਬ-ਕਿਰਦਾਰ ਸਰਕਾਰੀ ਉਚ ਮੁਲਾਜਮ ਦੀ ਧੀ ਮਿੰਨੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ ਪਰ ਜਨਮੀਤ ਇਸ ਰਿਸ਼ਤੇ ਨੂੰ ਆਪਣੇ ਰੁਤਬੇ ਦੀ ਦ੍ਰਿਸ਼ਟੀ ਤੋਂ ਦੇਖਦਾ ਹੋਇਆ ਸੁਖਜੀਤ ਨੂੰ ਪੜ੍ਹਾਈ-ਲਿਖਾਈ ਛੱਡਣ ਲਈ ਕਹਿੰਦਾ ਹੈ ਅਤੇ ਰਾਜਨੀਤੀ ਵਿਚ ਆਉਣ ਲਈ ਪ੍ਰੇਰਦਾ ਹੈ। ਪੂੰਜੀਵਾਦ ਦੇ ਦੌਰ ਵਿਚਲਾ ਮਨੁੱਖ ਹੋਰ ਮਨੁੱਖਾਂ ਜਾਂ ਰਿਸ਼ਤਿਆਂ ਨੂੰ ਮੁਹੱਬਤ ਨਹੀਂ ਕਰਦਾ ਸਗੋਂ ਵਸਤਾਂ ਪਿੱਛੇ ਦੌੜਦਾ ਹੈ। ਮਨੁੱਖ ਵਿਚ ਭਾਵਨਾਵਾਂ ਖ਼ਾਰਜ ਹੁੰਦੀਆਂ ਜਾਂਦੀਆਂ ਹਨ ਅਤੇ ਪਦਾਰਥਕ ਵਸਤਾਂ ਪ੍ਰਤੀ ਮੋਹ ਵੱਧਦਾ ਜਾਂਦਾ ਹੈ। ਅਜਿਹੇ ਵਰਤਾਰੇ ਕਾਰਨ ਸਮਾਜ ਵਿਚ ਕਈ ਤਰ੍ਹਾਂ ਦੀਆਂ ਬੁਰਾਈਆਂ ਪੈਦਾ ਹੁੰਦੀਆਂ

ਹਨ। ਇਸ ਤਰ੍ਹਾਂ ਦੀ ਸਮਾਜਕ ਫਿਤਰਤ ਜਾਂ ਬਿਰਤੀ ਕਾਰਣ ਮਨੁੱਖਤਾ ਦਾ ਭਲਾ ਕਦੇ ਨਹੀਂ ਹੁੰਦਾ, ਨੁਕਸਾਨ ਹੁੰਦਾ ਹੈ।

ਮੰਡੀ ਨਾਟਕ ਸਮਾਜ ਵਿਚ ਵਿਕਸਦੀ ਮੰਡੀ ਦਾ ਪਰਦੇ ਪਿਛਲਾ ਕਿਰਦਾਰ ਨਸ਼ਰ ਕਰਦਾ ਹੈ। ਇਹ ਰਾਜਨੀਤਕ ਲੀਡਰ ਕਿਸ ਤਰ੍ਹਾਂ ਚੋਣਾਂ ਲੜਦੇ ਹਨ ਅਤੇ ਆਮ-ਅਵਾਮ ਦਾ ਸ਼ੋਸ਼ਨ ਕਰਨ ਲਈ ਕਿਹੜੀਆਂ-ਕਿਹੜੀਆਂ ਜੁਗਤਾਂ ਦੀ ਵਰਤੋਂ ਕਰਦੇ ਹਨ। ਉਨ੍ਹਾਂ ਨੂੰ ਉਘਾੜਨ ਲਈ ਸੰਵਾਦਾਂ ਦੇ ਨਾਲ ਕਾਵਿ ਦੀ ਵਰਤੋਂ ਵੀ ਕਰਦਾ ਹੈ। ਇਹ ਕਾਵਿ ਰਚਨਾਵਾਂ ਕਈ ਵਾਰ ਬਹੁੱਤ ਲੰਮੀਆਂ ਵੀ ਹੋ ਜਾਂਦੀਆਂ ਹਨ। ਆਕਾਰ ਪੱਖੋਂ ਵੱਡਾ ਹੋਣਾਂ ਸੰਵਾਦਾਂ ਕਾਰਨ ਹੈ। ਪਰ ਇਹ ਕਾਵਿ ਰਚਨਾਵਾਂ ਵਧੇਰੇ ਨਾਟਕ ਨੂੰ ਰੋਚਕ ਬਣਾਉਣ ਅਤੇ ਵਿਸ਼ੇ ਨੂੰ ਨਿਖਾਰ ਦੀਆਂ ਹਨ ਜਿਵੇਂ :

**ਦੂਸਰਾ ਮੰਤਰੀ :** ਮੈਂ ਧਰਮਾਂ ਦੇ ਨਾਂ 'ਤੇ
ਲੋਕਾਂ ਨੂੰ ਪਾੜਾਂ
ਮੈਂ ਪਾਵਾਂ ਵੰਡੀਆਂ
ਮੈਂ ਕਰਾਂ ਦੀਵਾਰਾਂ।

**ਤੀਸਰਾ ਮੰਤਰੀ :** ਮੈਂ ਵੰਡਦਾ ਪੈਸੇ
ਮੁੱਲ ਸਭ ਦਾ ਤਾਰਾਂ
ਦੇਵਾਂ ਨਕਦੀ ਨਾਵਾਂ
ਚੋਣ ਕਦੇ ਨਾ ਹਾਰਾਂ

**ਚੌਥਾ ਮੰਤਰੀ :** ਹਰ ਘਰ ਲੋਕਾਂ ਤਾਈਂ
ਦਾਰੂ ਪਹੁੰਚਾਵਾਂ
ਡੋਡੇ ਭੁੱਕੀ ਨਾਲ (ਮੈਂ)
ਦੁੱਖ ਦਰ ਵੰਡਾਵਾਂ।(7)

ਸਵਰਾਜਬੀਰ ਦੇ ਨਾਟਕ ਮੰਡੀ ਦੀ ਖ਼ਾਸੀਅਤ ਇਸ ਨੁਕਤੇ ਵਿਚ ਹੈ ਕਿ ਉਹ ਪੰਜਾਬ ਦੀ ਖੇਤਰੀ ਰਾਜਨੀਤੀ ਨੂੰ ਰਾਸ਼ਟਰੀ ਰਾਜਨੀਤੀ ਅਤੇ ਫਿਰ ਅੰਤਰ-ਰਾਸ਼ਟਰੀ ਰਾਜਨੀਤੀ ਦੇ ਪਰਿਪੇਖ ਵਿਚ ਦੇਖਦਾ ਹੈ। ਇਸ ਸਭ ਕਾਸੇ ਨੂੰ ਸੰਕੇਤਕ ਰੂਪ ਵਿਚ ਪੇਸ਼ ਨਹੀਂ ਕਰਦਾ ਸਗੋਂ ਅਸਲ ਨਾਵਾਂ ਸਹਿਤ ਵੀ ਪੇਸ਼ ਕਰਦਾ ਹੈ। ਖੇਤਰੀ ਤੋਂ ਰਾਸ਼ਟਰੀ ਅਤੇ ਰਾਸ਼ਟਰੀ ਤੋਂ ਵਿਸ਼ਵ ਪੱਧਰੀ ਰਾਜਨੀਤਕ ਪ੍ਰਪੰਚ ਨੂੰ ਸਮਝਣਾ ਅਤੇ ਇਨ੍ਹਾਂ ਸ਼ਕਤੀਆਂ ਦੇ ਅਸਲੇ ਨੂੰ, ਵਿਸ਼ੇਸ਼ ਰੂਪ ਵਿਚ ਮਨੁੱਖ ਵਿਰੋਧੀ ਚਿਹਰੇ ਨੂੰ ਨਸ਼ਰ ਕਰਨਾ ਕਠਿਨ ਕਾਰਜ ਹੈ। ਸਵਰਾਜਬੀਰ ਵਰਗੇ ਮਨੁੱਖ ਲਈ ਹੋਰ ਵੀ ਔਖਾ ਹੈ ਕਿਉਂਕਿ ਆਪ ਸਰਕਾਰੀ ਉੱਚ ਪਦਵੀਂ ਉੱਪਰ ਹੈ।

ਸਵਰਾਜਬੀਰ ਇਸ ਨਾਟਕ ਵਿਚ ਬਹੁਤ ਸਾਰੀਆਂ ਘਟਨਾਵਾਂ ਦਾ ਸਰਲੀਕਰਨ ਕਰਦਾ ਹੈ ਅਤੇ ਕੁਝ ਕੁ ਸਮਾਜਿਕ ਅਤੇ ਖਾਸ ਕਰ ਰਾਜਨੀਤਿਕ ਵਰਤਾਰਿਆਂ ਨੂੰ ਪ੍ਰਤੀਕਾਂ ਦੀ ਭਾਸ਼ਾ ਵਿਚ ਪੇਸ਼ ਕਰਦਾ ਹੈ। ਕਿਸੇ ਵੀ ਸਾਹਿਤਕ ਕ੍ਰਿਤ ਵਿਚ ਵਰਤਾਰੇ ਅਤੇ ਘਟਨਾਵਾਂ ਸਿੱਧ/ਪੱਧਰੇ ਢੰਗ ਨਹੀਂ ਘਟਿਤ ਹੋਣੀਆਂ ਚਾਹੀਦੀਆਂ। ਸਾਹਿਤਕ ਕ੍ਰਿਤ ਜਾਂ ਨਾਟਕ ਵੀ ਵਸਤੂ-ਯਥਾਰਥ ਨੂੰ ਇਸ ਢੰਗ ਨਾਲ ਪ੍ਰਸਤੁਤ ਕਰੇ ਕਿ ਦਰਸ਼ਕ ਜਾਂ ਪਾਠਕ ਸੋਚਣ ਲਈ ਮਜ਼ਬੂਰ ਹੋ ਜਾਵੇ। ਇਸ ਤਰ੍ਹਾਂ ਦਾ ਕਾਰਜ ਦ੍ਰਿਸ਼ ਸਿਰਜਣਾ ਅਤੇ ਪਾਤਰਾਂ ਦੇ ਸੰਵਾਦਾਂ ਵਿਚ ਰਮਜਾਂ ਅਤੇ ਪ੍ਰਤੀਕਾਂ ਦੀ ਭਾਸ਼ਾ ਨਾਲ ਹੀ ਕੀਤਾ ਜਾ ਸਕਦਾ ਹੈ। ਨਾਟਕ ਵਿਚ ਤਾਂ ਨਿਰਦੇਸ਼ਕ ਕਈ ਤਰ੍ਹਾਂ ਦੇ ਰਮਜੀ ਪ੍ਰਤੀਕਾਤਮਕ ਪ੍ਰਭਾਵ ਲਾਈਟ ਅਤੇ ਸਾਉਂਡ ਨਾਲ ਵੀ ਉਤਪੰਨ ਕਰ ਸਕਦਾ ਹੈ।

ਇਸ ਨਾਟਕ ਦੀ ਖ਼ਾਸੀਅਤ ਲੋਕ-ਨਾਟ ਜੁਗਤਾਂ ਦੀ ਵਰਤੋਂ ਕਰਨਾ ਵੀ ਹੈ। ਨਾਟਕ ਦੀ ਸ਼ੁਰੂਆਤ ਗੁਰੂ ਅਤੇ ਚੇਲੇ ਦੇ ਸੰਵਾਦਾਂ ਨਾਲ ਹੁੰਦੀ ਹੈ। ਇਸ ਨਾਟਕ ਵਿਚਲੇ ਗੁਰੂ ਅਤੇ ਚੇਲਾ ਤੇ ਫੱਤੂ ਤੇ ਆਤੂ (ਮਰਾਸੀ) ਇਹ ਪਾਤਰ ਇਕ ਦੂਸਰੇ ਦੇ ਪੂਰਕ ਵਜੋਂ ਪੇਸ਼ ਹੋਏ ਨਜ਼ਰ ਆਉਂਦੇ ਹਨ। ਇਹ ਪਾਤਰ ਨਾਟਕ ਦੇ ਸੂਤਰਧਾਰ ਦਾ ਕਿਰਦਾਰ ਵੀ ਅਦਾ ਕਰਦੇ ਹਨ। ਏਥੇ ਇਹ ਨੁਕਤਾ ਵੀ ਗੌਲਣਯੋਗ ਹੈ ਕਿ ਗੁਰੂੰ, ਚੇਲਾ ਜਾਂ ਆਤੂ ਤੇ ਫੱਤੂ ਚਾਰ ਪਾਤਰਾਂ ਵਿਚ ਦੋ ਵਾਧੂ ਹਨ, ਕੋਈ ਵੀ ਦੋ ਪਾਤਰ ਨਾਟਕ ਨੂੰ ਗਤੀ ਪਰਦਾਨ ਕਰ ਸਕਦੇ ਸਨ ਭਾਵੇਂ ਗੁਰੂ, ਚੇਲਾ ਹੁੰਦੇ ਤੇ ਭਾਵੇਂ ਦੋਵੇਂ ਮਰਾਸੀ ਆਤੂ ਤੇ ਫੱਤੂ। ਹਾਂ ਆਤੂ ਤੇ ਫੱਤੂ ਨਾਟਕ ਵਿਚਲੇ ਸੂਤਰਧਾਰ ਦਾ ਕਾਰਜ ਨਿਭਾਉਂਦੇ ਹੋਏ ਵਿਅੰਗ ਅਤੇ ਕਟਾਖਸ਼ ਨਾਲ ਨਾਟਕ ਨੂੰ ਗਤੀਸ਼ੀਲ ਵੀ ਬਣਾਉਂਦੇ ਹਨ ਅਤੇ ਰੋਚਕ ਵੀ। ਸਵਰਾਜਬੀਰ ਨੇ ਪੰਜਾਬੀ ਲੋਕ-ਪਾਤਰ ਆਤੂ ਅਤੇ ਫੱਤੂ (ਮਰਾਸੀਆਂ) ਨਾਲ ਸਮਾਜ ਤੇ ਗਲੀਜ ਵਰਤਾਰਿਆਂ ਦੇ ਆਧਾਰਾਂ ਅਤੇ ਕਾਰਣਾਂ ਨੂੰ ਸਹਿਜ ਭਾਸ਼ਾ ਤਹਿਤ ਦਰਸ਼ਕਾਂ/ਪਾਠਕਾਂ ਦੀ ਮਾਨਸਿਕਤਾ ਨੂੰ ਹਲੂਣਨ ਲਈ ਵਰਤਿਆ ਹੈ। ਇਸ ਕਾਰਜ ਲਈ ਉਹ ਸਫ਼ਲ ਵੀ ਹੋਇਆ ਹੈ।

ਹੁਣ ਇਸ ਨਾਟਕ ਦੀ ਰੰਗਮੰਚ ਉਪਰ ਹੋਈ ਪੇਸ਼ਕਾਰੀ ਸੰਬੰਧੀ ਵੀ ਗੱਲ ਕਰਨੀ ਬਣਦੀ ਹੈ। ਲਿਖਤੀ ਸਕ੍ਰਿਪਟ ਅਤੇ ਰੰਗਮੰਚੀ ਸਕ੍ਰਿਪਟ ਵਿਚ ਕਈ ਥਾਂਈ ਅੰਤਰ ਹੈ। ਕੇਵਲ ਧਾਲੀਵਾਲ ਨੇ ਇਸ ਨਾਟਕ ਨੂੰ ਥੋੜਾ ਸ਼ੈਲੀ ਵਿਚ ਖੇਡਿਆ ਹੈ। ਜਿਸ ਤਰ੍ਹਾਂ ਨਾਟਕੀ ਸਕ੍ਰਿਪਟ ਵਿਚ ਨਾਟਕਕਾਰ ਸਵਰਾਜਬੀਰ ਨੇ ਲੋਕ-ਨਾਟ ਜੁਗਤਾਂ ਦੀ ਵਰਤੋਂ ਕੀਤੀ ਹੈ, ਉਸੇ ਤਰ੍ਹਾਂ ਹੀ ਕੇਵਲ ਧਾਲੀਵਾਲ ਵੀ ਆਪਣੇ ਨਿਰਦੇਸ਼ਨਾਂ ਦੇ ਕਾਰਜ ਵਿਚ ਵੀ ਲੋਕ ਰੰਗ ਮੰਚੀ ਜੁਗਤਾਂ ਦੀ ਵਰਤੋਂ ਕਰਦਾ ਹੈ। ਕੇਵਲ ਧਾਲੀਵਾਲ ਜਿਥੇ ਲੋਕ-ਰੰਗਮੰਚ ਨਾਲ ਜੁੜਿਆ ਰਿਹਾ ਹੈ, ਉਸ ਦੇ ਨਾਲ ਹੀ ਉਸ ਨੂੰ ਆਧੁਨਿਕ ਰੰਗਮੰਚ ਜੁਗਤਾਂ ਦਾ ਗਿਆਨ ਹੀ ਨਹੀਂ ਤਜੁਰਬਾ ਵੀ ਹੈ।

ਸ਼ੁਰੂ ਤੋਂ ਅੰਤ ਤੱਕ ਇਕ ਹੀ ਸਥਾਨ ਰਹਿੰਦਾ ਹੈ ਅਤੇ ਇਕ ਬੈਂਚ ਉੱਪਰ ਇਕ ਟੇਬਲ ਹੈ। ਕੇਵਲ ਧਾਲੀਵਾਲ ਦੀਆਂ ਰੰਗਮੰਚੀ ਪੇਸ਼ਕਾਰੀਆਂ ਦੀ ਖ਼ੂਬੀ ਉਸ ਦੀ ਸਟੇਜ਼-ਸਜਾਵਟ ਦ੍ਰਿਸ਼ ਸਿਰਜਣਾਂ, ਦ੍ਰਿਸ਼-ਬਦਲੀ ਅਤੇ ਰੰਗਮੰਚੀ ਜੁਗਤਾਂ ਦੀ ਵਰਤੋਂ ਉਹ ਏਨੀ ਨਿਪੁੰਨਤਾ ਨਾਲ ਕਰਦਾ ਹੈ ਕਿ ਨਾਟਕ ਅਤੇ ਪਾਤਰ ਪਿੱਠਭੂਮੀ ਵਿਚ ਚਲੇ ਜਾਂਦੇ ਹਨ। ਜਿੱਥੋਂ ਤੀਕ **ਮੰਡੀ** ਨਾਟਕ ਦੀ ਗੱਲ ਹੈ ਇਸ ਨਾਟਕ ਵਿਚ ਪਾਤਰ ਅਤੇ ਨਾਟਕ ਅਗ੍ਰਭੂਮੀ ਵਿਚ ਹਨ ਅਤੇ ਸਜੋ-ਸਜਾਵਟ ਦੇਖਣ ਨੂੰ ਘੱਟ ਮਿਲਦੀ ਹੈ। ਦ੍ਰਿਸ਼ ਬਦਲੀ ਤਾਂ ਹੁੰਦੇ ਹਨ ਪਰ ਵਾਤਾਵਰਣ ਤਬਦੀਲ ਨਹੀਂ ਹੁੰਦਾ। ਭਾਵੇਂ ਜਨਮੀਤ ਦਾ ਘਰ ਹੋਵੇ, ਭਾਵੇਂ ਦਫਤਰ ਜਾਂ ਫਿਰ ਸੀ. ਐਮ. ਦਾ ਘਰ ਹੋਵੇ ਇਨ੍ਹਾਂ ਸਭ ਜਗ੍ਹਾਵਾਂ ਲਈ ਉਹ ਰੰਗ-ਮੰਚੀ ਸਮਗ੍ਰੀ ਵਿਚ ਕੋਈ ਤਬਦੀਲੀ ਨਹੀਂ ਕਰਦਾ। ਹਾਂ ਰੰਗਮੰਚੀ ਸਕ੍ਰਿਪਟ ਦੇ ਸੰਵਾਦ, ਗੀਤ ਅਤੇ ਅਖੀਰੀ ਦ੍ਰਿਸ਼ ਉਹ ਆਪ ਘੜ੍ਹਦਾ ਹੈ, ਜਿਸ ਨਾਲ ਇਹ ਨਾਟਕ ਆਪਣੇ ਵਿਸ਼ੇ ਨੂੰ ਪੂਰਨ ਰੂਪ ਵਿਚ ਪ੍ਰਗਟਾਉਣ ਲਈ ਸਮੱਰਥ ਬਣ ਜਾਂਦਾ ਹੈ। ਜਿੱਥੋਂ ਤੀਕ ਇਸ ਨਾਟਕ ਦੀਆਂ ਸੀਮਾਵਾਂ ਦੀ ਗੱਲ ਹੈ ਇਸ ਨਾਟਕ ਵਿਚ ਨਾਟਕਕਾਰ ਨੇ ਬਹੁਤ ਲੰਮੇ-ਲੰਮੇ ਸੰਵਾਦ ਵੀ ਰਚੇ ਹਨ। ਇਕ ਹੀ ਪਾਤਰ ਰੰਗਮੰਚ ਉੱਪਰ ਸਮੇਂ ਦੀ ਲੰਬਾਈ ਵਧਾਉਂਦਾ ਹੋਇਆ ਦਰਸ਼ਕਾਂ ਨੂੰ ਉਕਤਾਉਂਦਾ ਵੀ ਨਜ਼ਰ ਆਉਂਦਾ ਹੈ ਅਤੇ ਨੀਰਸ ਵੀ ਕਰਦਾ ਹੈ। ਕਈ ਗੀਤ ਅਤੇ ਸੰਵਾਦ ਏਨ੍ਹੇ ਸਤੱਹੀ ਪੱਧਰ ਦੇ ਹਨ ਕਿ ਉਹ ਨਾਟਕ ਦੀ ਗੰਭੀਰਤਾ ਦੇ ਮੇਚ ਦੇ ਨਹੀਂ। ਜਿਨ੍ਹਾਂ ਗੀਤਾਂ ਵਿਚ ਸੁਖਜੀਤ ਆਪਣੀ ਪ੍ਰੇਮਿਕਾ ਮਿੰਨੀ ਦੀ ਤਾਰੀਫ਼ ਕਰਦਾ ਹੈ। ਏਸੇ ਤਰ੍ਹਾਂ ਹੀ ਸੂਰਤਧਾਰ ਚੇਲਾ ਅਤੇ ਗੁਰੂ ਵੀ ਨਾਟਕ ਦੇ ਵਿਸ਼ੇ ਨੂੰ ਇਕ ਗੋਂਦ ਵਿਚ ਪੇਸ਼ ਨਹੀਂ ਕਰਦੇ ਜਾਂ ਕਿਹਾ ਜਾ ਸਕਦਾ ਹੈ ਕਿ ਇਕਸਾਰਤਾ ਸਿਰਜਣ ਵਿਚ ਨਾ-ਕਾਮਯਾਬ

ਹਨ। ਸਵਰਾਜਬੀਰ ਦੇ ਬਾਕੀ ਨਾਟਕਾਂ **ਕ੍ਰਿਸ਼ਨ**, **ਧਰਮ ਗੁਰੂ**, **ਮੇਦਨੀ**, **ਸ਼ਾਇਰੀ** ਅਤੇ **ਕੱਲਰ** ਆਦਿ ਦੀ ਤੁਲਨਾ ਵਿਚ ਵੇਖਿਆ ਆਪਣੇ ਕੱਥ ਅਤੇ ਵੱਥ ਪੱਖੋਂ ਇਹ ਉਨ੍ਹਾਂ ਦੇ ਪੱਧਰ ਦਾ ਨਹੀਂ ਬਣਦਾ। ਹਾਂ ਆਪਣੇ ਵਿਸ਼ੇ ਪੱਖੋਂ ਅਤੇ ਭਾਰਤੀ/ਪੰਜਾਬੀ ਰਾਜਨੀਤਕ/ਸਿਆਸੀ ਪ੍ਰਵਚਨ ਵਜੋਂ ਇਹ ਵੱਖਰੇ ਮੁਹਾਂਦਰੇ ਦਾ ਨਾਟਕ ਹੈ। ਇਹ ਨੁਕਤਾ ਹੀ ਇਸ ਨਾਟਕ ਦੀ ਕਾਇਆ ਦਾ ਕੇਂਦਰ ਹੈ ਅਤੇ ਪੰਜਾਬੀ ਨਾਟਕ ਦੇ ਖੇਤਰ ਵਿਚ ਸਥਾਪਤੀ ਦਾ ਕਾਰਨ ਵੀ। ਇਸ ਦੇ ਨਾਲ ਹੀ ਇਕ ਨਾਟਕ ਦੀ ਸਿਰਜਣਾ ਤੋਂ ਬਾਅਦ ਉਸ ਨੂੰ ਚੰਗੇ ਨਿਰਦੇਸ਼ਕ ਦੀ ਵੀ ਜ਼ਰੂਰਤ ਹੁੰਦੀ ਹੈ। ਸਵਰਾਜਬੀਰ ਦੇ ਸਾਰੇ ਨਾਟਕਾਂ ਨੂੰ ਕੇਵਲ ਧਾਲੀਵਾਲ ਜਹੇ ਨਿਪੁੰਨ ਅਤੇ ਗਿਆਨਵਾਨ ਨਾਟ-ਨਿਰਦੇਸ਼ਕ ਨੇ ਖੇਡਿਆ ਹੈ। ਡਾ. ਸਤਿੰਦਰ ਸਿੰਘ ਨੂਰ ਦੇ ਸ਼ਬਦਾਂ ਵਿਚ :

ਕੇਵਲ ਧਾਲੀਵਾਲ ਨੇ ਉਸ ਨੂੰ (ਸਵਰਾਜਬੀਰ), ਉਸ ਤੋਂ ਅਗਲੇਰੇ ਨਾਟਕਕਾਰਾਂ ਨੂੰ ਮੰਚਨ ਉੱਤੇ ਵੀ ਲਿਆਂਦਾ ਅਤੇ ਕੇਵਲ ਨਾਟਕ ਅਤੇ ਮੰਚਨ ਦੇ ਜਾਣਕਾਰਾਂ ਨੇ ਹੀ ਉਨ੍ਹਾਂ ਨੂੰ ਸਵੀਕਾਰ ਨਾ ਕੀਤਾ ਸਗੋਂ ਆਮ ਦਰਸ਼ਕਾਂ ਨੇ ਵੀ ਉਨ੍ਹਾਂ ਨੂੰ ਸਵੀਕਾਰ ਕੀਤਾ। [11]

ਇਸ ਤਰ੍ਹਾਂ ਸਵਰਾਜਬੀਰ ਦਾ ਨਾਟਕ ਸਿਰਜਣਾ ਦਾ ਕਾਰਜ **ਕ੍ਰਿਸ਼ਨ** ਤੋਂ ਲੈ ਕੇ ਹੁਣ ਤੱਕ ਜ਼ਾਰੀ ਹੈ ਅਤੇ ਉਸ ਦੇ ਨਾਟਕਾਂ ਨੂੰ ਕੇਵਲ ਧਾਲੀਵਾਲ ਲਗਾਤਾਰ ਆਪਣੀ ਨਿਰਦੇਸ਼ਨਾ ਹੇਠ ਖੇਡ ਰਿਹਾ ਹੈ। ਇਨ੍ਹਾਂ ਦੋਹਾਂ ਨਾਟਕਕਾਰ ਅਤੇ ਨਿਰਦੇਸ਼ਕ ਦੀ ਜੋੜੀ ਨਾਲ ਅਸੀਂ ਪੰਜਾਬੀ ਰੰਗਮੰਚ ਦੇ ਵਿਕਾਸ ਨੂੰ ਵੀ ਵੇਖ ਸਕਦੇ ਹਾਂ। ਇਹ ਨਾਟਕਕਾਰ ਅਤੇ ਨਿਰਦੇਸ਼ਕ ਦੋਵੇਂ ਇਕ ਦੂਸਰੇ ਦੀਆਂ ਜ਼ਰੂਰਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਕ-ਦੂਸਰੇ ਦੇ ਮਸ਼ਵਰਿਆਂ ਅਧੀਨ ਸਕ੍ਰਿਪਟ ਨੂੰ ਸੋਧਦੇ ਰਹਿੰਦੇ ਹਨ ਜਿਸ ਨਾਲ ਨਾਟਕ ਅਤੇ ਨਾਟਕੀ ਪੇਸ਼ਕਾਰੀ ਵਿਚ ਤਬਦੀਲੀਆਂ ਵੀ ਆਉਂਦੀਆਂ ਰਹਿੰਦੀਆਂ ਹਨ। ਅਜਿਹੇ ਸੰਵਾਦ ਦੀ ਸਾਨੂੰ ਆਸ ਨਾਟਕ ਤੋਂ ਹੀ ਨਹੀਂ ਸਗੋਂ ਸਮੁੱਚੇ ਪੰਜਾਬੀ ਸਾਹਿਤਕਾਰਾਂ ਤੋਂ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਇਸ ਸਕ੍ਰਿਪਟ ਨੂੰ ਪ੍ਰਕਾਸ਼ਿਤ ਵੀ ਕਰਨਾ ਚਾਹੀਦਾ ਹੈ, ਜਿਸ ਨਾਲ ਇਹ ਨਾਟਕ ਪੰਜਾਬੀ ਸਾਹਿਤ ਦਾ ਅਟੁੱਟ ਅੰਗ ਬਣ ਸਕੇ।

## ਹਵਾਲੇ ਤੇ ਟਿੱਪਣੀਆਂ


01 : ਬਲਬੀਰ ਪਰਵਾਨਾ (ਸੰਪ), **ਕਾਰਪੋਰੇਟ ਵਿਕਾਸ ਮਾਡਲ ਅਤੇ ਖਪਤ ਸਭਿਆਚਾਰ**, ਪੰਨਾ 43

02 : ਓਹੀ, ਪੰਨਾ 50

03 : ਓਹੀ, ਪੰਨਾ 67

04 : ਸਵਰਾਜਬੀਰ, **ਮੰਡੀ**, ਓਹੀ, ਪੰਨਾ 02

05 : ਓਹੀ, ਪੰਨਾ 06

06 : ਓਹੀ, ਪੰਨਾ 28

07 : ਓਹੀ, ਪੰਨਾ 36

08 : ਓਹੀ, ਪੰਨਾ 49

09 : ਓਹੀ, ਪੰਨਾ 51

10 : ਓਹੀ, ਪੰਨਾ 59

11 : ਡਾ : ਸਰਬਜੀਤ ਸਿੰਘ (ਸੰਪ), **ਮਿੱਥ ਅਤੇ ਵਰਤਮਾਨ**, ਪੰਨਾ 153


○